# PSPS: ਮੁੜ-ਬਹਾਲੀ

ਅਸੀਂ ਸਾਡੀ ਬਿਜਲੀ ਪ੍ਰਣਾਲੀ ਦੀ ਸੁਰੱਖਿਆ ਵਿੱਚ ਸੁਧਾਰ ਕਰਨ ਅਤੇ ਜੰਗਲੀ ਅੱਗ ਦੇ ਜੋਖਮਾਂ ਨੂੰ ਘਟਾਉਣ ਲਈ ਹਰ ਰੋਜ਼ ਕੰਮ ਕਰ ਰਹੇ ਹਾਂ।

ਤੇਜ਼ ਹਵਾਵਾਂ ਦੇ ਕਾਰਨ ਰੁੱਖਾਂ ਦੀਆਂ ਟਾਹਣੀਆਂ ਜਾਂ ਮਲਬਾ ਬਿਜਲੀ ਦੀਆਂ ਚਾਲੂ ਤਾਰਾਂ ਦੇ ਸੰਪਰਕ ਵਿੱਚ ਆ ਸਕਦੇ ਹਨ, ਜਿਸ ਨਾਲ ਸਾਡੇ ਉਪਕਰਣਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ ਜਿਸ ਦੇ ਨਤੀਜੇ ਵਜੋਂ ਇੱਕ ਭਿਆਨਕ ਜੰਗਲੀ ਅੱਗ ਲੱਗ ਸਕਦੀ ਹੈ।

ਸਾਨੂੰ ਅਜਿਹੀਆਂ ਅੱਗਾਂ ਨੂੰ ਰੋਕਣ ਲਈ ਜਨਤਕ ਸਲਾਮਤੀ ਵਾਸਤੇ ਖਰਾਬ ਮੌਸਮ ਦੇ ਦੌਰਾਨ ਬਿਜਲੀ ਨੂੰ ਬੰਦ ਕਰਨ ਦੀ ਲੋੜ ਪੈ ਸਕਦੀ ਹੈ।

ਇਸਨੂੰ ਜਨਤਕ ਸਲਾਮਤੀ ਲਈ ਬਿਜਲੀ ਕੱਟ (Public Safety Power Shutoff - PSPS) ਕਿਹਾ ਜਾਂਦਾ ਹੈ।

ਹਾਲਾਂਕਿ PSPS ਜੰਗਲੀ-ਅੱਗ ਤੋਂ ਸੁਰੱਖਿਆ ਵਾਸਤੇ ਇੱਕ ਅਹਿਮ ਸਾਧਨ ਹੈ, ਪਰ ਸਾਨੂੰ ਪਤਾ ਹੈ ਕਿ ਬਿਜਲੀ ਬੰਦ ਕਰਨ ਨਾਲ ਜੀਵਨ ਵਿੱਚ ਵਿਘਨ ਪੈਂਦਾ ਹੈ, ਖਾਸ ਤੌਰ ‘ਤੇ ਉਹਨਾਂ ਲੋਕਾਂ ਲਈ ਜਿਨ੍ਹਾਂ ਨੂੰ ਡਾਕਟਰੀ ਜ਼ਰੂਰਤਾਂ ਹੁੰਦੀਆਂ ਹਨ ਅਤੇ ਉਹਨਾਂ ਗਾਹਕਾਂ ਲਈ ਜੋ COVID-19 ਲਈ ਪ੍ਰਤਿਕਿਰਿਆ ਵਜੋਂ ਘਰ ਤੋਂ ਹੀ ਕੰਮ ਅਤੇ ਪੜ੍ਹਾਈ ਕਰ ਰਹੇ ਹਨ।

ਬਿਜਲੀ ਕੱਟ ਲਗਾਉਣ ਦੀਆਂ ਘਟਨਾਵਾਂ ਦਾ ਦਾਇਰਾ ਛੋਟਾ ਕਰਕੇ, ਇਹਨਾਂ ਦੀ ਸਮਾਂ-ਮਿਆਦ ਘੱਟ ਕਰਕੇ ਅਤੇ ਇਹਨਾਂ ਨੂੰ ਗਾਹਕਾਂ ਲਈ ਵਧੇਰੇ ਚੁਸਤ ਬਣਾਕੇ, ਅਸੀਂ ਸਾਡੇ PSPS ਪ੍ਰੋਗਰਾਮ ਵਿੱਚ ਸੁਧਾਰ ਕਰਨ ਲਈ ਕੰਮ ਕਰਦੇ ਚਲੇ ਆ ਰਹੇ ਹਾਂ।

ਅਸੀਂ ਜਨਤਕ ਸਲਾਮਤੀ ਲਈ ਬਿਜਲੀ ਕੱਟ ਉਦੋਂ ਚਾਲੂ ਕਰਦੇ ਹਾਂ ਜਦੋਂ ਮੌਸਮ ਦੀ ਭਵਿੱਖਬਾਣੀ ਏਨੀਂ ਕੁ ਖਰਾਬ ਹੋਵੇ, ਕਿ ਲੋਕਾਂ ਦੀ ਸੁਰੱਖਿਆ, ਜਿੰਦਗੀਆਂ, ਘਰਾਂ ਅਤੇ ਕਾਰੋਬਾਰਾਂ ਨੂੰ ਜੰਗਲੀ ਅੱਗਾਂ ਦਾ ਖਤਰਾ ਹੋਵੇ।

ਕਿਉਂਕਿ ਹਰ ਮੌਸਮ ਪ੍ਰਸਥਿਤੀ ਵਿਲੱਖਣ ਹੁੰਦੀ ਹੈ, ਇਸ ਲਈ ਬਿਜਲੀ ਬੰਦ ਕਰਨੀ ਲਾਜ਼ਮੀ ਹੈ ਜਾਂ ਨਹੀਂ, ਇਸ ਦਾ ਫੈਸਲਾ ਕਰਨ ਲਈ ਅਸੀਂ ਕਈ ਕਾਰਕਾਂ ਦੇ ਸੁਮੇਲ ਦੀ ਧਿਆਨ ਨਾਲ ਸਮੀਖਿਆ ਕਰਦੇ ਹਾਂ।

ਇਹਨਾਂ ਕਸੌਟੀਆਂ ਵਿੱਚ ਆਮ ਤੌਰ ‘ਤੇ ਹਵਾ ਵਿਚਲੀ ਨਮੀ ਦੇ ਨੀਵੇਂ ਪੱਧਰ, ਤੇਜ਼ ਹਵਾਵਾਂ ਦੀ ਭਵਿੱਖਬਾਣੀ, ਜ਼ਮੀਨ ‘ਤੇ ਖੁਸ਼ਕ ਸਮੱਗਰੀ, ਅਤੇ ਜਿੰਦਾ ਬਨਸਪਤੀ ਵਿੱਚ ਘੱਟ ਨਮੀ, ਅਤੇ ਵਾਸਤਵਿਕ ਸਮੇਂ ਵਿੱਚ ਜ਼ਮੀਨ ਉੱਤੇ ਕੀਤੇ ਪ੍ਰੀਖਣ ਸ਼ਾਮਲ ਹੁੰਦੇ ਹਨ।

ਇਹ ਯਕੀਨੀ ਬਣਾਉਣ ਲਈ ਕਿ ਪ੍ਰਚੰਡ ਮੌਸਮ ਦੀਆਂ ਹਾਲਤਾਂ ਤੋਂ ਬਾਅਦ ਬਿਜਲੀ ਨੂੰ ਸੁਰੱਖਿਅਤ ਤਰੀਕੇ ਨਾਲ ਮੁੜ-ਬਹਾਲ ਕੀਤਾ ਜਾ ਸਕੇ, PG&E ਨੂੰ ਬਿਜਲੀ ਪ੍ਰਣਾਲੀ ਦੀ ਹਰ ਉਸ ਮੀਲ ਦੀ ਜਾਂਚ ਕਰਨ ਦੀ ਲੋੜ ਹੁੰਦੀ ਹੈ ਜਿਸਨੂੰ ਸੁਰੱਖਿਆ ਵਾਸਤੇ ਬੰਦ ਕੀਤਾ ਗਿਆ ਸੀ।

ਸੰਪੂਰਨ, ਸਲਾਮਤ, ਅਤੇ ਸੁਯੋਗ ਜਾਂਚਾਂ ਕਰਨਾ ਸਾਡੇ ਗਾਹਕਾਂ ਵਾਸਤੇ ਬਿਜਲੀ ਨੂੰ ਸੁਰੱਖਿਅਤ ਤਰੀਕੇ ਨਾਲ ਮੁੜ-ਬਹਾਲ ਕਰਨ ਦੀ ਕੁੰਜੀ ਹੈ।

ਇਹ ਪ੍ਰਕਿਰਿਆ ਓਦੋਂ ਸ਼ੁਰੂ ਹੋ ਜਾਂਦੀ ਹੈ ਜਦ ਪ੍ਰਚੰਡ ਮੌਸਮ ਅਜੇ ਚੱਲ ਹੀ ਰਿਹਾ ਹੁੰਦਾ ਹੈ।

ਕਿਉਂਕਿ ਅਸੀਂ ਆਪਣੇ ਕਰਮਚਾਰੀ ਦਲਾਂ ਨੂੰ ਤੈਨਾਤ ਕਰ ਦਿੰਦੇ ਹਾਂ ਤਾਂ ਜੋ ਖਰਾਬ ਮੌਸਮ ਚਲੇ ਜਾਣ ਬਾਅਦ ਨੁਕਸਾਨ ਵਾਸਤੇ ਤਾਰਾਂ ਦੀ ਤੇਜ਼ੀ ਨਾਲ ਜਾਂਚ ਕੀਤੀ ਜਾ ਸਕੇ।

PG&E ਦਾ ਸੰਕਟਕਾਲੀ ਕਾਰਵਾਈ ਕੇਂਦਰ ਇਸ ਚੀਜ਼ ਦੀ ਪੁਸ਼ਟੀ ਕਰੇਗਾ ਕਿ ਜਾਂਚਾਂ ਸ਼ੁਰੂ ਕਰਨਾ ਅਤੇ ਬਿਜਲੀ ਸਪਲਾਈ ਮੁੜ-ਬਹਾਲ ਕਰਨਾ ਕਦੋਂ ਸੁਰੱਖਿਅਤ ਹੈ।

ਇਹਨਾਂ ਜਾਂਚਾਂ ਨੂੰ ਕਰਨ ਲਈ ਕਰਮਚਾਰੀ ਦਲ ਵੱਖ-ਵੱਖ ਵਿਧੀਆਂ ਦੀ ਵਰਤੋਂ ਕਰਦੇ ਹਨ।

ਸਾਡੀਆਂ ਕਈ ਤਾਰਾਂ ਦੀ ਜਾਂਚ ਯੋਗਤਾ-ਪ੍ਰਾਪਤ ਮਾਹਰਾਂ ਦੁਆਰਾ ਹੈਲੀਕਾਪਟਰਾਂ ਦੀ ਵਰਤੋਂ ਕਰਕੇ ਕੀਤੀ ਜਾ ਸਕਦੀ ਹੈ।

ਇਹ ਵਿਧੀ ਤੇਜ਼ ਹੈ, ਪਰ ਇਸ ਵਿੱਚ ਕੁਝ ਕਮੀਆਂ ਹਨ ਜਿਨ੍ਹਾਂ ਵਿੱਚ ਇਹ ਵੀ ਸ਼ਾਮਲ ਹੈ ਕਿ ਰੁੱਖਾਂ ਅਤੇ ਹੋਰ ਰੁਕਾਵਟਾਂ ਕਰਕੇ ਕੁਝ ਕੁ ਉਪਕਰਨ ਆਸਮਾਨ ਤੋਂ ਦਿਖਣਯੋਗ ਨਹੀਂ ਹੁੰਦੇ।

ਇਸ ਤੋਂ ਇਲਾਵਾ, ਹੈਲੀਕਾਪਟਰਾਂ ਨੂੰ ਤਾਰਾਂ ਦੀ ਜਾਂਚ ਕਰਨ ਲਈ ਸਿਰਫ਼ ਦਿਨ ਦੀ ਰੋਸ਼ਨੀ ਵਾਲੇ ਸਮੇਂ ਅੰਦਰ ਹੀ ਵਰਤਿਆ ਜਾ ਸਕਦਾ ਹੈ।

ਸਾਡੇ ਕੋਲ ਹਵਾਈ ਜਹਾਜ਼ ਵੀ ਹਨ ਜਿਨ੍ਹਾਂ ਨੂੰ ਮੁਕਾਬਲਤਨ ਵੱਡੇ ਢਾਂਚਿਆਂ ਦੀ ਜਾਂਚ ਕਰਨ ਲਈ ਵਰਤਿਆ ਜਾ ਸਕਦਾ ਹੈ।

ਇਨਫ੍ਰਾਰੈੱਡ ਉਪਕਰਨਾਂ ਨਾਲ ਲੈਸ ਹਵਾਈ ਜਹਾਜ਼ਾਂ ਨੂੰ ਰਾਤ ਸਮੇਂ ਜਾਂਚਾਂ ਕਰਨ ਲਈ ਵੀ ਵਰਤਿਆ ਜਾ ਸਕਦਾ ਹੈ।

ਜਿਹੜੀਆਂ ਤਾਰਾਂ ਦੀ ਜਾਂਚ ਆਸਮਾਨ ਤੋਂ ਨਹੀਂ ਕੀਤੀ ਜਾ ਸਕਦੀ, ਉਹਨਾਂ ਵਾਸਤੇ PG&E ਦੇ ਕਰਮਚਾਰੀ ਦਲ ਲਾਈਨਾਂ ਤੱਕ ਗੱਡੀ ਲੈਕੇ ਜਾਣਗੇ ਤਾਂ ਜੋ ਸੜਕਾਂ ਦੇ ਨੇੜਲੇ ਸਾਜ਼ੋ-ਸਮਾਨ ਦਾ ਮੁਲਾਂਕਣ ਕੀਤਾ ਜਾ ਸਕੇ।

ਅਤੇ ਜਦ ਟਿਕਾਣੇ ਅਤੇ ਧਰਾਤਲ ਦੇ ਕਰਕੇ ਆਸਮਾਨ ਤੋਂ ਜਾਂ ਵਾਹਨ ਰਾਹੀਂ ਜਾਂਚਾਂ ਕਰਨਾ ਸੰਭਵ ਨਾ ਹੋਵੇ, ਤਾਂ ਸਾਡੇ ਕਰਮਚਾਰੀਆਂ ਵਾਸਤੇ ਪੈਦਲ ਚੱਲਕੇ ਤਾਰਾਂ ਦੀ ਜਾਂਚ ਕਰਨਾ ਲਾਜ਼ਮੀ ਹੋ ਜਾਂਦਾ ਹੈ।

ਜਿੱਥੇ ਕਿਤੇ ਖਰਾਬੀ ਲੱਭ ਲਈ ਜਾਂਦੀ ਹੈ, ਉਥੇ ਕਰਮਚਾਰੀ ਦਲ ਇਲਾਕੇ ਨੂੰ ਅਲਹਿਦਾ ਕਰ ਦਿੰਦਾ ਹੈ, ਅਤੇ ਕਿਸੇ ਵੀ ਮੁਰੰਮਤਾਂ ਨੂੰ ਵੱਧ ਤੋਂ ਵੱਧ ਸੰਭਵ ਤੇਜ਼ੀ ਅਤੇ ਸੁਰੱਖਿਆ ਨਾਲ ਪੂਰੀਆਂ ਕਰਦਾ ਹੈ।

ਤਾਰਾਂ ਨੂੰ ਕੇਵਲ ਓਦੋਂ ਦੁਬਾਰਾ ਚਾਲੂ ਕੀਤਾ ਜਾਂਦਾ ਹੈ ਜਦ ਇਹਨਾਂ ਦੀ ਜਾਂਚ ਕਰ ਲਈ ਜਾਂਦੀ ਹੈ ਅਤੇ ਕਿਸੇ ਵੀ ਨੁਕਸਾਨ ਦੀ ਮੁਰੰਮਤ ਕਰ ਦਿੱਤੀ ਜਾਂਦੀ ਹੈ।

ਹਰ ਸੈਕਸ਼ਨ ਨੂੰ ਓਦੋਂ ਮੁੜ ਚਾਲੂ ਕੀਤਾ ਜਾਂਦਾ ਹੈ ਜਦ ਇਸਦੀ ਜਾਂਚ ਕੀਤੀ ਜਾਂਦੀ ਹੈ।

ਇਸਦਾ ਮਤਲਬ ਇਹ ਹੈ ਕਿ ਵੱਖ-ਵੱਖ ਗਾਹਕਾਂ ਵਾਸਤੇ ਬਿਜਲੀ ਸਪਲਾਈ ਵੱਖ-ਵੱਖ ਸਮਿਆਂ ‘ਤੇ ਚਾਲੂ ਹੋਵੇਗੀ।

ਮੁੜ-ਬਹਾਲੀ ਸਬਸਟੇਸ਼ਨ ‘ਤੇ ਚਾਲੂ ਹੋਵੇਗੀ ਅਤੇ ਫੇਰ ਸਰਕਟ ਦੇ ਅੰਤ ਵੱਲ ਅੱਗੇ ਵਧੇਗੀ।

ਬਿਜਲੀ ਸਪਲਾਈ ਬਹਾਲ ਕੀਤੇ ਜਾਣ ਤੋਂ ਪਹਿਲਾਂ ਗਾਹਕਾਂ ਨੂੰ ਸਮੁੱਚੀ ਪ੍ਰਣਾਲੀ ਦੀ ਜਾਂਚ ਕਰਨ ਦਾ ਇੰਤਜ਼ਾਰ ਕਰਨ ਦੀ ਲੋੜ ਨਹੀਂ ਪਵੇਗੀ।

ਇੱਕ ਵਾਰ ਜਦ ਤੁਹਾਡੇ ਘਰ ਨੂੰ ਬਿਜਲੀ ਸਪਲਾਈ ਦੇਣ ਵਾਲੀਆਂ ਤਾਰਾਂ ਦੀ ਜਾਂਚ ਹੋ ਜਾਂਦੀ ਹੈ ਅਤੇ ਇਹਨਾਂ ਦੇ ਸੁਰੱਖਿਅਤ ਹੋਣ ਦੀ ਪੁਸ਼ਟੀ ਹੋ ਜਾਂਦੀ ਹੈ, ਤਾਂ ਬਿਜਲੀ ਸਪਲਾਈ ਮੁੜ-ਬਹਾਲ ਕੀਤੀ ਜਾ ਸਕਦੀ ਹੈ।

ਇਸ ਸਾਲ ਅਤੇ ਆਉਣ ਵਾਲੇ ਸਾਲਾਂ ਵਿੱਚ ਸਾਡਾ ਟੀਚਾ ਹੈ ਸਾਡੇ ਗਾਹਕਾਂ ਵਾਸਤੇ ਮੁੜ-ਬਹਾਲੀ ਦੇ ਸਮਿਆਂ ਨੂੰ ਜ਼ਿਕਰਯੋਗ ਹੱਦ ਤੱਕ ਘੱਟ ਕਰਨਾ।

2020 ਵਿੱਚ, ਪ੍ਰਚੰਡ ਮੌਸਮ ਦੇ ਗੁਜ਼ਰ ਜਾਣ ਬਾਅਦ ਸਾਡਾ ਔਸਤ ਮੁੜ-ਬਹਾਲੀ ਸਮਾਂ 2019 ਵਿੱਚ 17 ਘੰਟਿਆਂ ਦੇ ਮੁਕਾਬਲੇ 10 ਘੰਟੇ ਸੀ।

ਮੁੜ-ਬਹਾਲੀ ਦੇ ਸਮਿਆਂ ਨੂੰ ਘੱਟ ਕਰਨ ਲਈ ਸਾਡੇ ਵੱਲੋਂ ਉਠਾਏ ਜਾ ਰਹੇ ਕਦਮਾਂ ਵਿੱਚ ਸ਼ਾਮਲ ਹਨ ਘਟਨਾਵਾਂ ਦੌਰਾਨ ਸਾਡੇ ਵੱਲੋਂ ਹੈਲੀਕਾਪਟਰ ਦੇ ਨਿਵੇਕਲੇ ਉਪਯੋਗ ਨੂੰ ਵਧਾਕੇ ਲਗਭਗ ਦੁੱਗਣਾ ਕਰਦੇ ਹੋਏ 35 ਤੋਂ 65 ਤੱਕ ਕਰਨਾ।

ਇਨਫ੍ਰਾਰੈੱਡ ਕੈਮਰਿਆਂ ਨਾਲ ਲੈਸ ਦੋ ਹਵਾਈ ਜਹਾਜ਼ਾਂ ਦੀ ਵਰਤੋਂ ਕਰਨਾ ਤਾਂ ਜੋ ਰਾਤ ਸਮੇਂ ਜਾਂਚਾਂ ਨੂੰ ਯੋਗ ਬਣਾਇਆ ਜਾ ਸਕੇ, ਅਤੇ ਹੋਰ ਜਨਸੁਵਿਧਾਵਾਂ ਕੰਪਨੀਆਂ ਤੋਂ ਪਰਸਪਰ ਸਹਾਇਤਾ ਦੀ ਵਰਤੋਂ ਕਰਨਾ ਤਾਂ ਜੋ ਲੋੜ ਪੈਣ ‘ਤੇ PSPS ਮੁੜ-ਬਹਾਲੀ ਸੰਬੰਧੀ ਜਾਂਚਾਂ ਵਿੱਚ ਮਦਦ ਮਿਲ ਸਕੇ।

ਏਥੋਂ ਤੱਕ ਕਿ ਜਦ ਅਸੀਂ ਸੁਧਾਰ ਵੀ ਕਰਦੇ ਹਾਂ, ਤਾਂ ਅਜੇ ਵੀ ਕੁਝ ਹੱਦੋਂ ਬਾਹਰੀ ਮਾਮਲੇ ਹੋ ਸਕਦੇ ਹਨ ਜਿਨ੍ਹਾਂ ਵਿੱਚ ਬਿਜਲੀ ਦਾ ਕੱਟ ਲੱਗਣਾ ਮੌਸਮ ਦੀਆਂ ਹਾਲਤਾਂ ਜਾਂ ਮੁਰੰਮਤਾਂ ਦੀ ਲੋੜ ਦੀ ਵਜ੍ਹਾ ਕਰਕੇ ਇੱਕ ਤੋਂ ਵਧੇਰੇ ਦਿਨਾਂ ਤੱਕ ਚੱਲ ਸਕਦਾ ਹੈ।

ਅਸੀਂ ਸਾਰੇ ਰੋਜ਼ਮਰ੍ਹਾ ਦੀ ਜ਼ਿੰਦਗੀ ਲਈ ਬਿਜਲੀ 'ਤੇ ਨਿਰਭਰ ਕਰਦੇ ਹਾਂ ਅਤੇ ਅਸੀਂ ਉਹਨਾਂ ਹੱਲਾਂ ਬਾਬਤ ਸਾਡੇ ਗਾਹਕਾਂ ਨਾਲ ਮਿਲਕੇ ਕੰਮ ਕਰਨਾ ਚਾਹੁੰਦੇ ਹਾਂ ਜੋ ਜੰਗਲੀ-ਅੱਗਾਂ ਦੀ ਰੋਕਥਾਮ ਕਰ ਸਕਦੇ ਹਨ ਅਤੇ ਸਾਡੇ ਭਾਈਚਾਰਿਆਂ ਨੂੰ ਸਲਾਮਤ ਰੱਖਦੇ ਹਨ।

PG&E ਆਪਣੇ ਗਾਹਕਾਂ ਨੂੰ ਸੁਰੱਖਿਆ ਕਾਰਵਾਈ ਕੇਂਦਰ ਵਿਖੇ ਜਾਣ ਲਈ ਉਤਸ਼ਾਹਤ ਕਰ ਰਹੀ ਹੈ, ਤਾਂ ਜੋ ਜੰਗਲੀ ਅੱਗ ਨਾਲ ਜੁੜੇ ਜੋਖਮਾਂ ਬਾਰੇ ਮੁੱਲਵਾਨ ਜਾਣਕਾਰੀ ਲਈ ਜਾ ਸਕੇ, ਅਤੇ ਪਤਾ ਲਾਇਆ ਜਾ ਸਕੇ ਕਿ ਕਿਸੇ PSPS ਘਟਨਾ ਵਾਸਤੇ ਅਗਾਊਂ ਤਿਆਰੀ ਕਰਨ ਲਈ ਗਾਹਕ ਕੀ ਕਰ ਸਕਦੇ ਹਨ ਅਤੇ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ।

PG&E ਦੀਆਂ ਜੰਗਲੀ ਅੱਗ ਤੋਂ ਸੁਰੱਖਿਆ ਬਾਰੇ ਕੋਸ਼ਿਸ਼ਾਂ, ਅਤੇ ਅਸੀਂ ਜਿਨ੍ਹਾਂ ਤਰੀਕਿਆਂ ਨਾਲ ਜਨਤਕ ਸਲਾਮਤੀ ਲਈ ਬਿਜਲੀ ਕੱਟਾਂ ਵਿੱਚ ਸੁਧਾਰ ਕਰ ਰਹੇ ਹਾਂ, ਦੇ ਬਾਰੇ ਨਵੀਨਤਮ ਜਾਣਕਾਰੀ ਲਈ ਦੇਖੋ pge.com/psps.